Serial No. 203 D–DTN–J–QVB

PUNJABI

Paper—II

(Literature)

Time Allowed : Three Hours *Maximum Marks : 300*

INSTRUCTIONS

*Candidates should attempt questions **1** and **5** which are compulsory, and any **THREE** of the remaining questions, selecting at least **ONE** question from each Section.*

The number of marks carried by each question is indicated at the end of the question.

*Answer must be written in **Punjabi** (Gurmukhi Script).*

SECTION—A

1. ਨਿਮਨ-ਲਿਖਿਤ ਕਾਵਿ-ਟੁਕਾਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ-ਸਹਿਤ ਆਲੋਚਨਾਤਮਕ-ਵਿਆਖਿਆ ਕਰੋ :— 3×20=60

(a) ਫਰੀਦਾ ਦਰੀਆਵੈ ਕੰਨੈ ਬਗਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ।
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।
ਜੋ ਮਨਿ ਨ ਚਿਤਿ ਚੇਤੇ ਸਨਿ ਸੋ ਗਾਲੀ ਰਬ ਕੀਆਂ।

Optional Province · optionalprovince.com

(b) ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥
ਚੀਜ ਕਰਨਿ ਮਨਿ ਭਾਂਵਦੇ ਹਰਿ ਬੁਝਨਿ ਨਾਹੀ ਹਾਰਿਆ ॥
ਕਰ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥
ਜਰੁ ਆਈ ਜੋਬਨਿ ਹਾਰਿਆ ॥

(c) ਰਖ ਆਪਣੇ ਕੋਲ ਨਸੀਹਤਾਂ ਨੂੰ ਮੈਂ ਤਾਂ ਵਸਾਂਗੀ ਰਾਂਝੇ ਦੇ ਨਾਲ ਮਾਏ
ਕੀਕਣ ਰਾਂਝਣਾ ਦਿਲੋਂ ਭੁਲਾ ਦੇਸਾਂ ਜ਼ਿਕਰ ਕਰੇ ਮੇਰਾ ਵਾਲ ਵਾਲ ਮਾਏ
ਓਹਦੇ ਇਸ਼ਕ ਦੀ ਕਰਾਂ ਨ ਕਦਰ ਕੀਕਰ ਜਦ ਕਿ ਓਹ ਹੈ ਮੇਰਾ ਖ਼ਿਆਲ ਮਾਏ
ਰਾਂਝਾ ਆਸ਼ਕਾਂ ਦਾ ਬਾਦਸ਼ਾਹ ਹੋਇਆ ਲੌਂਡੀ ਕਿਸ ਦੀ ਹੀਰ ਸਿਆਲ ਮਾਏ
ਇਕ ਇਕ ਦੇ ਸੌ ਜੁਆਬ ਸੁਣ ਲੈ ਸ਼ਰਮ ਕਰਾਂ ਨਾ ਰਤੀ ਰਵਾਲ ਮਾਏ
ਵਾਰਿਸ ਸ਼ਾਹ ਨੂੰ ਮੈਂ ਸਿਰਤਾਜ ਸਮਝਾਂ ਸਮਝੀਂ ਤੂੰ ਨਾ ਕਦੇ ਚਰਵਾਲ ਮਾਏ।

(d) ਹਾਜੀ ਲੋਕ ਮੱਕੇ ਨੂੰ ਜਾਂਦੇ,
ਮੇਰਾ ਰਾਂਝਾ ਮਾਹੀ ਮੱਕਾ,
ਨੀ ਮੈਂ ਕਮਲੀ ਹਾਂ।
ਮੈਂ ਤੇ ਮੰਗ ਰਾਂਝੇ ਦੀ ਹੋਈਆਂ, ਮੇਰਾ ਬਾਬਲ ਕਰਦਾ ਧੱਕਾ,
ਨੀ ਮੈਂ ਕਮਲੀ ਹਾਂ।

Optional Province · optionalprovince.com

ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰੇ ਘਰ ਵਿਚ ਨੌ ਸ਼ੌਹ ਮੱਕਾ,
ਨੀ ਮੈਂ ਕਮਲੀ ਹਾਂ।
ਵਿਚੇ ਹਾਜੀ ਵਿਚੇ ਗਾਜ਼ੀ, ਵਿਚੇ ਚੋਰ ਉਚੱਕਾ,
ਨੀ ਮੈਂ ਕਮਲੀ ਹਾਂ।
ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ,
ਨੀ ਮੈਂ ਕਮਲੀ ਹਾਂ।
ਜਿਤ ਵੱਲ ਯਾਰ ਉਤੇ ਵੱਲ ਕਾਅਬਾ, ਭਾਵੇਂ ਫੋਲ ਕਿਤਾਬਾਂ ਚਾਰੇ,
ਨੀ ਮੈਂ ਕਮਲੀ ਹਾਂ।

2. 'ਜਪੁਜੀ' ਸਾਹਿਬ ਦੀ ਕਾਵਿ-ਸ਼ੈਲੀ ਬਾਰੇ ਵਿਸਤਾਰ ਸਹਿਤ ਚਰਚਾ ਕਰੋ। 60

3. ਬਾਬਾ ਫਰੀਦ ਦੀ ਪੰਜਾਬੀ-ਸਾਹਿਤ ਨੂੰ ਦੇਣ ਬਾਰੇ ਵਿਆਖਿਆ ਕਰੋ। 60

4. "ਬੁਲ੍ਹੇ ਸ਼ਾਹ ਨੇ ਅਧਿਆਤਮਵਾਦੀ-ਚਿੰਤਨ ਨੂੰ ਬੜੀ ਕੁਸ਼ਲਤਾ ਨਾਲ ਲੋਕ-ਸ਼ੈਲੀ ਦੁਆਰਾ ਪੇਸ਼ ਕੀਤਾ ਹੈ।" ਇਸ ਕਥਨ ਉਤੇ ਭਰਪੂਰ ਚਰਚਾ ਕਰੋ। 60

SECTION—B

5. ਨਿਮਨ-ਲਿਖਿਤ ਕਾਵਿ/ਗਦ ਖੰਡਾਂ ਵਿਚੋਂ ਕਿਸੇ **ਤਿੰਨ** ਦੀ ਪ੍ਰਸੰਗ-ਸਹਿਤ ਆਲੋਚਨਾਤਮਕ-ਵਿਆਖਿਆ ਕਰੋ :— 3×20=60

(a) ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।

Optional Province · optionalprovince.com

ਚੜ੍ਹੇ ਸਭ ਮੁਝੈਲ, ਦੁਆਬੀਏ ਜੀ,

ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।

ਸ਼ਾਹ ਮੁਹੰਮਦਾ ਚੜ੍ਹੇ ਨੇ ਜਮਰੂ-ਖ਼ਾਨੇ,

ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

(b) "ਦਿਲ ਹਰ ਵੇਲੇ ਗੋਡਿਆਂ ਵਿਚ ਪਿਆ ਰਹਿੰਦਾ ਹੈ, ਪਰ ਇਸ ਵੇਲੇ ਜਦ ਇਹ ਖ਼ਤ ਲਿਖ ਰਹੀ ਹਾਂ ਤਾਂ ਦਿਲ ਨੂੰ ਬਹੁਤ ਕੁਝ ਢਾਰਸ ਹੈ ਕਿ ਇਸੇ ਤਰ੍ਹਾਂ ਲਿਖਦੀ ਚਲੀ ਜਾਵਾਂ, ਪਰ ਫਿਰ ਕੁਝ ਸੋਚ ਕੇ ਰੁਕ ਜਾਂਦੀ ਹਾਂ। ਤੁਹਾਡੇ ਖ਼ੱਤ ਦੀ ਉਡੀਕ ਬੜੀ ਕਾਹਲੀ ਨਾਲ ਕਰਦੀ ਰਹਿੰਦੀ ਹਾਂ। ਬਾਬੇ ਨੂੰ ਮੇਰੀ ਵਲੋਂ ਸਤਿ ਸ੍ਰੀ ਅਕਾਲ ਕਹਿਣਾ ਤੇ ਇਹ ਕਹਿਣ ਦੀ ਤੇ ਲੋੜ ਨਹੀਂ ਕਿ ਇਹ ਉਸ ਦਾ ਆਸਰਾ ਪਰਨਾ, ਹੁਣ ਵਾਹਿਗੁਰੂ ਤੇ ਤੁਹਾਥੋਂ ਬਿਨਾਂ ਕੋਈ ਹੋਰ ਨਹੀਂ।"

(c) "ਆਪਣੇ ਪੁਰਾਣੇ ਨਿਊ ਹੋਸਟਲ ਅਗੋਂ ਲੰਘਿਆ। ਰੁਕ ਜਾ ਥੋੜ੍ਹੀ ਦੇਰ ? ਫ਼ੋਟੋ ਖਿਚ ਲਾਂ ? ਨਹੀਂ, ਨਹੀਂ ਮਤੇ ਕੋਈ ਵੇਖ ਕੇ ਖਾਹਮਖਾਹ ਸ਼ੱਕ ਕਰਨ ਲਗ ਪਏ। ਮੇਰਾ ਕੌਣਾ ਮੁਹਾਫਜ਼ ਹੈ ਇਥੇ ? ਸੱਚ, ਕਿਤਨਾ ਡਰਪੋਕ ਹਾਂ ਮੈਂ। ਇਹ ਤਾਂ ਮੇਰਾ ਆਪਣਾ ਹੋਸਟਲ ਹੈ। ਖ਼ੈਰ, ਹੋਸਟਲ ਵੀ ਤਾਂ ਹੁਣ ਮੇਰੇ ਵਾਂਗ ਥਕਿਆ ਥਕਿਆ ਤੇ ਪੁਰਾਣਾ ਪੁਰਾਣਾ ਹੋ ਗਿਆ ਹੈ। ਸਮੇਂ ਨੇ ਇਹਨੂੰ ਵੀ ਮੇਰੇ ਵਾਂਗ ਅਧਖੜ ਕਰ ਛਡਿਆ ਹੈ। ਅਫ਼ਸੋਸ ਦੀ ਥਾਂ ਤਸਕੀਨ ਹੋਈ ਵੇਖ ਕੇ !"

Optional Province · optionalprovince.com

(d) "ਯਾਕੂਤ ਇਕ ਸਾਧਾਰਨ ਗ਼ੁਲਾਮ ਹੈ, ਪਰ ਕੀ ਸਿਰਫ਼ ਇਸ ਲਈ ਉਸ ਨੂੰ ਦਬਾ ਦਿਤਾ ਜਾਵੇ ਕਿ ਉਸ ਦਾ ਰੰਗ ਸਿਆਹ ਹੈ ? ਉਸ ਵਿਚ ਵਫ਼ਾਦਾਰੀ ਦੀ ਕਥਾਇਲੀ ਚਮਕ ਹੈ। ਜਦੋਂ-ਜਹਿਦ ਦੀ ਤਾਕਤ ਹੈ। ਉਹ ਭਵਿੱਖ ਲਈ ਲੜ ਸਕਦਾ ਹੈ ਤੇ ਆਪਣੀ ਜਾਨ ਦੇ ਸਕਦਾ ਹੈ। ਬਹੁਤ ਸਾਰੇ ਅਮੀਰ, ਸਿਰਫ਼ ਆਪਣੇ ਆਪ ਨੂੰ ਅਗੇ ਲਿਆਉਣ ਲਈ ਦੂਜਿਆਂ ਦੀ ਜਾਨ ਦੇ ਗਾਹਕ ਹਨ। ਜਦੋਂ ਤਕ ਅਸੀਂ ਇਸ ਤਖ਼ਤ ਉਤੇ ਹਾਂ, ਉੱਚੇ ਤੇ ਨੀਵੇਂ ਦਾ ਫ਼ਰਕ ਸਿਰਫ਼ ਯੋਗਤਾ ਨਾਲ ਪਰਖਿਆ ਜਾਵੇਗਾ।"

6. " 'ਜੰਗ ਸਿੰਘਾਂ ਤੇ ਫਰੰਗੀਆਂ' ਅਜਿਹੀ ਰਚਨਾ ਹੈ ਜੋ ਇਤਿਹਾਸਕ ਤੌਰ 'ਤੇ ਪ੍ਰਮਾਣਿਕ ਅਤੇ ਸਾਹਿਤਕ ਤੌਰ 'ਤੇ ਬੇਮਿਸਾਲ ਹੈ।" ਦਲੀਲਾਂ ਦੇ ਕੇ ਸਪੱਸ਼ਟ ਕਰੋ। 60

7. ਪੰਜਾਬੀ-ਆਲੋਚਨਾ ਦੇ ਪ੍ਰਸੰਗ ਵਿਚ ਸੰਤ ਸਿੰਘ ਸੇਖੋਂ ਦੇ ਯੋਗਦਾਨ ਬਾਰੇ ਵਿਸਤਾਰ ਸਹਿਤ ਲਿਖੋ। 60

8. "ਬਲਵੰਤ ਗਾਰਗੀ ਨੇ 'ਲੋਹਾ ਕੁਟ' ਨਾਟਕ ਵਿਚ ਮਾਨਸਿਕ ਬਗ਼ਾਵਤ ਦੀ ਚਿਣਗ ਮਾਂ ਤੋਂ ਧੀ ਵੱਲ ਨਹੀਂ ਸੁੱਟੀ, ਸਗੋਂ ਧੀ ਤੋਂ ਮਾਂ ਵੱਲ ਸੁੱਟੀ ਹੈ। ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ ਸੰਸਕਾਰਾਂ ਦੀ ਗਤੀ ਨੂੰ ਪੁੱਠਾ ਮੋੜਾ ਦਿਤਾ ਹੈ।" ਵਿਸਤਾਰ ਸਹਿਤ ਚਰਚਾ ਕਰੋ। 60

Optional Province · optionalprovince.com